# 3. ਧਨੀ ਰਾਮ ਚਾਤ੍ਰਿਕ

ਧਨੀ ਰਾਮ ਚਾਤ੍ਰਿਕ ਦੀ ਆਧੁਨਿਕ ਪੰਜਾਬੀ ਕਵਿਤਾ ਵਿਚ ਖਾਸ ਥਾਂ ਹੈ। ਉਸਨੇ ਆਪਣੀ ਕਵਿਤਾ ਵਿੱਚ ਸਾਂਝੇ ਪੰਜਾਬੀ ਸਭਿਆਚਾਰ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ। ਉਸ ਦੀ ਕਵਿਤਾ ਵਿੱਚ ਪੰਜਾਬੀ ਜੀਵਨ ਦੇ ਵਿਭਿੰਨ ਪਹਿਲੂਆਂ ਨੂੰ ਤਲਾਸ਼ਿਆ ਜਾ ਸਕਦਾ ਹੈ।

ਧਨੀ ਰਾਮ ਚਾਤ੍ਰਿਕ ਦਾ ਜਨਮ 4 ਅਕਤੂਬਰ 1876 ਨੂੰ ਪਿੰਡ ਪੱਸੀਆਂ, ਜ਼ਿਲ੍ਹਾ ਸਿਆਲਕੋਟ(ਪਾਕਿਸਤਾਨ) ਵਿੱਚ ਹੋਇਆ। ਛੋਟੀ ਉਮਰ ਵਿੱਚ ਹੀ ਉਹ ਆਪਣੇ ਪਿਤਾ ਨਾਲ ਲੋਪੋ ਕੇ (ਅੰਮ੍ਰਿਤਸਰ) ਆ ਗਏ ਅਤੇ ਮੁੱਢਲੀ ਵਿੱਦਿਆ ਏਥੋਂ ਹੀ ਹਾਸਲ ਕੀਤੀ। ਮਾਇਕ ਔਕੜਾਂ ਕਾਰਨ ਉਚੇਰੀ ਪੜ੍ਹਾਈ ਕਰਨ ਤੋਂ ਉਹ ਵਾਂਝਾ ਰਿਹਾ। ਪੰਦਰਾਂ ਸਾਲ ਦੀ ਉਮਰ ਵਿੱਚ ਉਸ ਨੇ ਵਸੀਕਾ ਨਵੀਸ ਦਾ ਕੰਮ ਸ਼ੁਰੂ ਕੀਤਾ ਤੇ ਫਿਰ 1893 ਵਿੱਚ ਭਾਈ ਵੀਰ ਸਿੰਘ ਦੀ ਵਜ਼ੀਰ ਹਿੰਦ ਪ੍ਰੈੱਸ ਵਿੱਚ ਕੰਮ ਕੀਤਾ। ਚਾਤ੍ਰਿਕ ਨੇ ਕਵਿਤਾ ਦੇ ਨਾਲ-ਨਾਲ ਸੁੰਦਰ ਪੰਜਾਬੀ ਟਾਈਪਿੰਗ ਵੀ ਸਿੱਖੀ ਤੇ ਅੰਮ੍ਰਿਤਸਰ ਸੁਦਰਸ਼ਨ ਪ੍ਰੈੱਸ ਵੀ ਲਗਾਈ। 79 ਸਾਲ ਦੀ ਉਮਰ ਵਿੱਚ 18 ਦਸੰਬਰ 1954 ਨੂੰ ਪੰਜਾਬੀ ਦਾ ਇਹ ਉਸਤਾਦ ਕਵੀ ਸਾਥੋਂ ਵਿਛੜ ਗਿਆ।

'ਚੰਦਨਵਾੜੀ', 'ਕੇਸਰ ਕਿਆਰੀ', 'ਨਵਾਂ ਜਹਾਨ', 'ਸੂਫ਼ੀਖ਼ਾਨਾ' ਅਤੇ 'ਨੂਰਜਹਾਂ ਬੇਗਮ' ਆਦਿ ਚਾਤ੍ਰਿਕ ਦੀਆਂ ਮਹੱਤਵਪੂਰਨ ਕਾਵਿ-ਰਚਨਾਵਾਂ ਹਨ। ਉਸ ਦੀ ਕਵਿਤਾ ਵਿੱਚ ਲੋਕ-ਕਾਵਿ ਤੇ ਸੂਫ਼ੀ-ਕਾਵਿ ਦਾ ਪ੍ਰਭਾਵ ਵੀ ਵੇਖਿਆ ਜਾ ਸਕਦਾ ਹੈ। ਚਾਤ੍ਰਿਕ ਦੀ ਕਵਿਤਾ ਸਟੇਜਾਂ ਦਾ ਸ਼ਿੰਗਾਰ ਵੀ ਬਣਦੀ ਰਹੀ ਹੈ।

## ਗਰੀਬ ਕਿਰਸਾਣ

ਕੱਕਰੀ ਰਾਤ ਸਿਆਲ ਦੀ, ਵਰਤੀ ਸੁੰਞ ਮਸਾਣ,
ਖ਼ਲਕਤ ਸੁੱਤੀ ਅੰਦਰੀਂ, ਨਿੱਘੀਆਂ ਬੁੱਕਲਾਂ ਤਾਣ।
ਪਿਛਲੇ ਪਹਿਰ ਤਰੇਲ ਦੇ, ਮੋਤੀ ਜੰਮਦੇ ਜਾਣ,
ਬੁਕਲੋਂ ਮੂੰਹ ਜੇ ਕੱਢੀਏ, ਪਾਲਾ ਪੈਂਦਾ ਖਾਣ।

ਇਸ ਵੇਲੇ ਜਾਂ ਜਾਗਦੇ ਤਾਰੇ ਵਿੱਚ ਅਸਮਾਨ,
ਜਾਂ ਕੋਈ ਕਰਦਾ ਭਗਤ ਜਨ ਖੂਹੇ 'ਤੇ ਇਸ਼ਨਾਨ।
ਜਾਂ ਇੱਕ ਕਿਸਮਤ ਦਾ ਬਲੀ, ਜਾਗ ਰਿਹਾ ਕਿਰਸਾਣ,
ਪਾਣੀ ਲੌਂਦਿਆਂ ਪੈਰ ਹੱਥ, (ਜਿਦ੍ਹੇ) ਨੀਲੇ ਹੁੰਦੇ ਜਾਣ।

ਸਿਖਰ ਦੁਪਹਿਰੇ ਜੇਠ ਦੀ, ਵਰ੍ਹਨ ਪਏ ਅੰਗਿਆਰ,
ਲੋਆਂ ਵਾਉ-ਵਰੋਲਿਆਂ, ਰਾਹੀ ਲਏ ਖਲ੍ਹਾਰ।
ਲੋਹ ਤਪੇ ਜਿਉਂ ਪਿਰਥਵੀ, ਭੁੱਖ ਲਵਣ ਅਸਮਾਨ,
ਪਸ਼ੂਆਂ ਜੀਭਾਂ ਸੁੱਟੀਆਂ, ਪੰਛੀ ਭੁਜਦੇ ਜਾਣ।

ਲੁਕੀ ਲੁਕਾਈ ਅੰਦਰੀਂ, ਨਿਕਲੇ ਬਾਹਰ ਨਾ ਸਾਹ,
ਪਰ ਪਿੜ ਵਿੱਚ ਕਿਰਸਾਣ ਇੱਕ, ਫਲ੍ਹਾ ਰਿਹਾ ਹੈ ਵਾਹ।
ਸਿਰ ਪੈਰਾਂ ਤੱਕ ਨਿਚੁੱੜੇ ਮੁੜ੍ਹਕਾ ਵਾਹੋ ਦਾਹ,
ਪਰ ਸਾਬਾਸ਼ੇ ਦੂਲਿਆ (ਤੈਨੂੰ) ਰਤਾ ਨਹੀਂ ਪਰਵਾਹ।

ਮਾਉਂ ਲਡਿੱਕਾ ਜੰਮਿਓਂ, ਰਖਿਓਸੁ ਨਾਉਂ ਗੁਲਾਬ,
(ਪਰ) ਕਿਸਮਤ ਦੇ ਕੇ ਵਾੜ ਵਿੱਚ, (ਤੇਰੀ) ਕੀਤੀ ਜੂਨ ਖ਼ਰਾਬ।

ਦੁਨੀਆਂ ਖਾਏ ਮਲਾਈਆਂ, ਤੇਰੇ ਹਿੱਸੇ(ਆਈ) ਛਾਹ,
ਮੋਟਾ ਠੁਲ੍ਹਾ ਪਹਿਣ ਲੈ, ਮਿੱਸੀ ਤਿੱਸੀ ਖਾਹ।

ਹਲ, ਸੁਹਾਗੇ, ਗੋਡੀਆਂ, (ਤੇਰੇ) ਸਿਰ ‘ਤੇ ਰਹਿਣ ਸਵਾਰ,
ਪੱਲੇ ਤੇਰੇ ਪੈ ਗਈ, ਪਸ਼ੂਆਂ ਵਾਲੀ ਕਾਰ।
ਰਾਤੀਂ ਆ ਪਏਂ ਟੁੱਟ ਕੇ, ਚਾੜ੍ਹੇ ਨੀਂਦ ਖ਼ੁਮਾਰ,
ਕੁੱਕੜ ਬਾਂਗੇ ਫੇਰ ਤੂੰ, ਓਸੇ ਤਰ੍ਹਾਂ ਤਿਆਰ।

ਤਨ ਟੰਗਿਆ ਵਿੱਚ ਕਾਰ ਦੇ, ਜਾਨ ਟੰਗੀ ਅਸਮਾਨ,
ਮੁੱਠ ਤੇਰੀ ਵਿੱਚ ਕਾਲਜਾ, ਬੱਦਲਾਂ ਵਿੱਚ ਧਿਆਨ।
ਰੱਖ ਲਏ ਰੱਬ ਜਿ ਸੋਕਿਓਂ, (ਤਦ) ਝਖੜੋਂ ਸੁਕਦਾ ਸਾਹ,
ਗੜਿਓਂ, ਅਹਿਣੋਂ, ਕੁੰਗੀਓਂ, ਪੈਂਦਾ ਨਹੀਂ ਵਿਸਾਹ।

ਸੁਖ ਸੁਖ ਲੱਖ ਸ਼ੀਰਣੀਆਂ, ਪੱਕਣ ਚਾਰ ਕਸੀਰ,
ਤਦ ਭੀ ਸੁਣ ਸੁਣ ਕਹਿਬਤਾਂ, (ਤੈਨੂੰ) ਆਉਂਦੀ ਨਹੀਂ ਖਲ੍ਹੀਰ।
“ਪੱਕੀ ਖੇਤੀ ਦੇਖ ਕੇ ਗ਼ਰਬ ਕਰੇ ਕਿਰਸਾਣ,
ਵਾਓਂ, ਝੱਖੜੋਂ, ਝੋਲਿਓਂ, ਘਰ ਆਵੇ ਤਾਂ ਜਾਣ”।

ਪੱਕੀ, ਵੱਢੀ,ਬੰਨ੍ਹ ਲਈ, ਆਣਈ ਧਰੀ ਖਲਵਾਰ,
ਤਦ ਵੀ ਧੜਕੇ ਕਾਲਜਾ, (ਕੋਈ) ਦੁਸ਼ਮਣ ਕਰੇ ਨ ਵਾਰ।
ਬੱਤੀਓਂ ਦੰਦੋਂ ਜੀਭ ਨੂੰ, ਜੇ ਰੱਬ ਲਏ ਬਚਾਇ,
ਚਾਈਂ ਚਾਈਂ ਗਾਹ ਕੇ, ਧਾੜ ਦੇਵੇਂ ਤਦ ਲਾਇ।

ਅਜੇ ਵਸਾਇ ਨ ਚੁੱਕਿਉਂ, ਲਾਗੂ ਬੈਠੇ ਆਇ,
ਲਾਗੀ, ਚੋਗੀ, ਸੇਪੀਆਂ, ਝੁਰਮਟ ਦਿੱਤਾ ਪਾਇ।
ਰਹਿੰਦਾ ਬੋਹਲ ਹੁੰਝਾ ਲਿਆ, ਆ ਕੇ ਲਹਿਣੇਦਾਰ,
ਤੇਰੇ ਪੱਲੇ ਰਹਿ ਗਈ, ਤੂੜੀ ਪੰਡਾਂ ਚਾਰ।

ਚਾਰੇ ਕੰਨੀਆਂ ਚੂਪਦਾ, ਘਰ ਆਇਆ ਕਿਰਸਾਣ,
ਗੋਡਿਆਂ ਵਿੱਚ ਸਿਰ ਤੁੰਨ ਕੇ, ਗੋਤੀਂ ਲੱਗਾ ਜਾਣ।
ਹਾਇ ਓ ਰੱਬਾ ਡਾਢਿਆ। ਕੀ ਬਣੀਆਂ ਮੈਂ ਨਾਲ ?
ਮਰ ਗਿਆ ਕਰਦਾ ਮਿਹਨਤਾਂ, ਓੜਕ ਭੈੜਾ ਹਾਲ।
ਨਾ ਮੈਂ ਦਿੱਤਾ ਮਾਮਲਾ, ਨਾ ਕੋਈ ਲੀਤਾ ਢੋਰ,
ਬੀ ਭੱਤਾ ਭੀ ਹੈ ਨਹੀਂ, ਲੋੜਾਂ ਕੇਈ ਹੋਰ।
ਅੰਨ ਵਰ੍ਹਾ ਭਰ ਖਾਣ ਨੂੰ, ਟਾਕੀ ਟੱਲਾ ਨਾਲ,
ਕਰਜ਼ਾ ਭੀ ਕੁਝ ਰਹਿ ਗਿਆ, ਸਿਰ 'ਤੇ ਖੜਾ ਸਿਆਲ।

ਜੱਟੀ ਘੁਰਕੇ ਜੱਟ ਨੂੰ,( ਹੈ ਹੈ) ਪਿਆ ਕਿਧਰ ਦਾ ਲੋੜ੍ਹ ?
ਖੱਟੀ ਸਾਰੇ ਸਮੇਂ ਦੀ, ਕਿੱਥੇ ਆਇਓਂ ਰੋੜ੍ਹ।
(ਮੈਂ) ਮਾਘੋਂ ਕੂਕਨ ਲੱਗੀ ਆਂ, "ਕੁੜੀ ਹੋਈ ਮੁਟਿਆਰ",
ਸਾਡੀ ਕੋਠੀ ਸੱਖਣੀ, ਲੋਕੀਂ ਕਰਨ ਬਹਾਰ।

ਵਾਰੀ ਸਦਕੇ ਵਾਹੀਓਂ, ਸਾਨੂੰ ਨਹਿੰ ਦਰਕਾਰ,
ਪੱਛੀ ਲਾ ਇਸ ਭੋਇੰ ਨੂੰ (ਜੋ) ਰਹਿੰਦੀ ਮਰਲੇ ਚਾਰ।
ਭਰਤੀ ਹੋ ਜਾ ਫ਼ੌਜ ਵਿੱਚ ਜਾਂ ਕੁਝ ਕਰ ਰੁਜ਼ਗਾਰ,
(ਜਾ) ਨਿੱਘਰ ਨਹੀਂ ਤਾਂ ਸ਼ਹਿਰ ਨੂੰ (ਓਥੇ) ਲੋੜ੍ਹੇ ਦੀ ਹੈ ਕਾਰ।

ਜੱਟਾ। ਵੇਖੀਂ ਉੱਕਦੋਂ ਸਿੱਖ ਸਿਖਾਇਆ ਨਾਰ,
ਛੱਡ ਬਹਿੰਦੋਂ ਮਤ ਸਹਿਮ ਕੇ, ਉੱਤਮ ਖੇਤੀ ਕਾਰ।
ਇੱਕ ਦਾਨਾ ਜੇ ਫਲ ਪਏ, ਦਾਣਾ ਬਣੇ ਹਜ਼ਾਰ,
ਡੱਕੇ ਮਾਰ ਨਾ ਰੋੜ ਨੂੰ, ਸੋਮਾ ਉਸ ਦਾ ਮਾਰ।

ਦੁਨੀਆਂ ਵੱਸੇ ਰੰਗ ਵਿੱਚ, ਤੂੰ ਕਿਓਂ ਰਿਹੋਂ ਕੰਗਾਲ,
ਬਰਕਤ ਕਿੱਧਰ ਉੱਡਦੀ, ਇਸ ਦੀ ਕਰ ਪੜਤਾਲ।
ਅਮਰੀਕਾ ਵਿੱਚ ਜੱਟ ਹੀ, ਹੋ ਰਹੇ ਮਾਲਾ ਮਾਲ,
ਸੁਣ ਲੈ। ਤੇਰੇ ਢਿੱਡ 'ਚੋਂ ਕਿਉਂ ਨਾ ਨਿਕਲੇ ਕਾਲ।

ਇੱਕ ਇਲਮ ਦੀ ਊਣ ਹੈ, ਮੁੰਡੇ ਪੜ੍ਹਨੇ ਪਾਇ,
ਦੂਜਾ ਝੱਸ ਸ਼ਰਾਬ ਦਾ, ਇਸ ਤੋਂ ਜਾਨ ਛੁਡਾਇ,
ਤੀਜਾ ਐਬ ਕੁਪੱਤ ਦਾ, ਖਹਿ ਖਹਿ ਮਰੋ ਭਰਾਇ,
ਫੇਰ ਮੁਕੱਦਮੇ ਲੜਦਿਆਂ, ਝੁੱਗਾ ਉੱਜੜ ਜਾਇ।

ਪੰਜਵਾਂ ਚਸਕਾ ਕਰਜ਼ ਦਾ, ਵਾਹਣ ਛਡੇਂ ਤੂੰ ਖਾਇ,
ਪੰਜੇ ਭੈੜੀਆਂ ਵਾਦੀਆਂ, ਬਰਕਤ ਖੜਨ ਉਡਾਇ।
ਜੇ ਪੰਜਾਂ ਦੇ ਪੰਜਿਓਂ, ਪਾ ਜਾਵੇਂ ਛੁਟਕਾਰ,
ਫੇਰ ਜੇ ਪੂਰੀ ਨਾ ਪਏ (ਤਦ) ਚਾਤ੍ਰਿਕ ਜ਼ਿੰਮੇਵਾਰ।

**(ਕੱਕਰੀ– ਬਰਫ਼ੀਲੀ, ਖਲਕਤ– ਲੁਕਾਈ, ਅੰਗਿਆਰ– ਮਘਦੇ ਕੋਲੇ, ਪਿੜ– ਉਹ ਥਾਂ ਜਿੱਥੇ ਕਣਕ ਗਾਹੀ ਜਾਂਦੀ ਹੈ, ਫਲ੍ਹਾ– ਕਣਕ ਤੋਂ ਤੂੜੀ ਵੱਖ ਕਰਨ ਵਾਲੀ ਪ੍ਰਕਿਰਿਆ, ਲਡਿਕਾ– ਲਾਡਲਾ, ਮੋਟਾ ਠੁੱਲਾ– ਖਾਦੀ ਦਾ ਕੱਪੜਾ, ਕੁੰਗੀਓਂ– ਕਣਕ ਦੀ ਫ਼ਸਲ ਨੂੰ ਨੁਕਸਾਨ ਪਹੁੰਚਾਉਣ ਵਾਲੀ ਬਿਮਾਰੀ, ਸ਼ੀਰਣੀਆਂ– ਪ੍ਰਸ਼ਾਦ, ਹਲਵਾ। ਚਾਰ ਕਸੀਰ– ਥੋੜ੍ਹੀ ਫਸਲ, ਕਹਿਬਤਾਂ– ਕਹਾਵਤਾਂ, ਖਲ੍ਹੀਰ– ਧਰਵਾਸ, ਚੈਨ। ਗ਼ਰਬ– ਮਾਨ, ਹੰਕਾਰ। ਵਾਓ– ਹਵਾ, ਖਲਵਾਰ– ਪਿੜ ਦੀ ਵਲਗਣ, ਧੜ੍ਹ– ਗਾਹੀ ਹੋਈ ਕਣਕ ਦਾ ਢੇਰ ਜਿਸ ਵਿੱਚ ਦਾਣੇ ਤੇ ਤੂੜੀ ਮਿਲੇ ਹੋਣ, ਲਾਗੀ ਚੋਗੀ ਸੇਪੀਆਂ– ਪਿੰਡ ਵਿੱਚ ਵੱਸਦੇ ਕਾਮੇ,**

**ਬੋਹਲ- ਕਣਕ ਦਾ ਢੇਰ, ਲਹਿਣੇਦਾਰ-ਸ਼ਾਹੂਕਾਰ, ਚਾਰੇ ਕੰਨੀਆਂ ਚੂਪਦਾ- ਖਾਲੀ ਹੱਥ ਲੁੱਟਿਆ-ਪੁੱਟਿਆ ਵਾਪਸ ਆਉਣਾ, ਗੋਡੀ ਲੱਗਾ- ਚਿੰਤਾ ਵਿੱਚ ਡੁੱਬਣਾ, ਮਾਮਲਾ-ਲਗਾਨ, ਢੋਰ-ਪਸ਼ੂ, ਟਾਕੀ ਟੱਲਾ- ਕੱਪੜਾ ਲੱਤਾ, ਲੋੜ- ਅਨਰਥ, ਹਨ੍ਹੇਰ, ਖੱਟੀ- ਕਮਾਈ, ਰੋੜ੍ਹ- ਬਰਬਾਦ ਕੀਤੀ, ਕੂਕਨ-ਕੁਰਲਾਉਣਾ, ਸੱਖਣੀ-ਖਾਲੀ, ਦਰਕਾਰ- ਲੋੜ੍ਹ, ਪੱਛੀ ਲਾ- ਅੱਗ ਲਾ, ਭੋਇੰ- ਜ਼ਮੀਨ, ਨਿੱਘਰ- ਚਲਾ ਜਾਹ, ਡੱਕੇ ਮਾਰ ਨਾ ਰੋੜ ਨੂੰ, ਸੋਮਾ ਉਸ ਦਾ ਮਾਰ- ਗਰੀਬੀ ਦੇ ਕਾਰਨਾਂ ਨੂੰ ਖਤਮ ਕਰ, ਕਾਲ- ਭੁੱਖਮਰੀ, ਇਲਮ- ਵਿੱਦਿਆ, ਝੱਸ- ਬੁਰੀ ਆਦਤ, ਐਬ- ਵਿਗੜੀਆਂ ਹੋਈਆਂ ਆਦਤਾਂ, ਕੁਪੱਤ- ਲੜਾਈ ਝਗੜਾ।)**

## ਇਨਸਾਨਸਤਾਨ

ਉਠ ਸਾਕੀ । ਇਕ ਹੰਭਲਾ ਮਾਰ,

ਨਵਾਂ ਨਸ਼ਾ ਕੋਈ ਕਰ ਤੱਯਾਰ।

ਚੜ੍ਹ ਜਾਵੇ ਸੁਰਤੀ ਅਸਮਾਨ,

ਦਿੱਸਣ ਲੱਗ ਪਏ ਨਵਾਂ ਜਹਾਨ।

ਨਵਾਂ ਬਗ਼ੀਚਾ, ਨਵੀਂ ਬਹਾਰ,

ਨਵੀਂ ਜਵਾਨੀ, ਨਵਾਂ ਨਿਖਾਰ।

ਨਵੀਂ ਜ਼ਮੀਨ, ਨਵਾਂ ਅਸਮਾਨ,

ਸੱਚਮੁੱਚ ਦਾ ਇਨਸਾਨਸਤਾਨ।

ਹਿੰਦੂ, ਮੋਮਨ, ਸਿੱਖ, ਈਸਾਈ,

ਸਾਰੇ ਜਾਪਣ ਭਾਈ ਭਾਈ।

ਦਸਤਕਾਰ, ਕਿਰਤੀ, ਕਿਰਸਾਣ,

ਸਾਂਝੀ ਰੋਟੀ ਵੰਡ ਕੇ ਖਾਣ।

ਭੁੱਖ, ਨੰਗ, ਚਿੰਤਾ, ਬੇਕਾਰੀ,

ਹਟ ਜਾਏ ਧੜਕੇ ਦੀ ਬੀਮਾਰੀ।

ਘੁਲ ਮਿਲ ਜਾਵਣ ਧਰਮ ਇਮਾਨ,

ਸੱਚਮੁੱਚ ਦਾ ਇਨਸਾਨਸਤਾਨ।

**(ਹੰਭਲਾ- ਕੋਸ਼ਿਸ਼, ਯਤਨ। ਨਿਖਾਰ- ਉਜਲਾ, ਧੜਕਾ-ਡਰ, ਚਿੰਤਾ। ਬੇਕਾਰੀ- ਬੇਰੁਜ਼ਗਾਰੀ)**

## ਅਭਿਆਸ ਪ੍ਰਸ਼ਨ

1. ਹੇਠ ਲਿਖੇ ਕਾਵਿ ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਦੁਨੀਆਂ ਵੱਸੇ ਰੰਗ ਵਿੱਚ, ਤੂੰ ਕਿਓਂ ਰਿਹੋਂ ਕੰਗਾਲ,
ਬਰਕਤ ਕਿੱਧਰ ਉੱਡਦੀ, ਇਸ ਦੀ ਕਰ ਪੜਤਾਲ।
ਅਮਰੀਕਾ ਵਿੱਚ ਜੱਟ ਹੀ, ਹੋ ਰਹੇ ਮਾਲਾ ਮਾਲ,
ਸੁਣ ਲੈ। ਤੇਰੇ ਢਿੱਡ 'ਚੋਂ ਕਿਉਂ ਨਾ ਨਿਕਲੇ ਕਾਲ।

(ਅ) ਦਸਤਕਾਰ, ਕਿਰਤੀ, ਕਿਰਸਾਣ,
ਸਾਂਝੀ ਰੋਟੀ ਵੰਡ ਕੇ ਖਾਣ।
ਭੁੱਖ, ਨੰਗ, ਚਿੰਤਾ, ਬੇਕਾਰੀ,
ਹਟ ਜਾਏ ਧੜਕੇ ਦੀ ਬੀਮਾਰੀ।
ਘੁਲ ਮਿਲ ਜਾਵਣ ਧਰਮ ਇਮਾਨ,
ਸੱਚਮੁੱਚ ਦਾ ਇਨਸਾਨਸਤਾਨ।

2. 'ਗਰੀਬ ਕਿਰਸਾਣ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।
3. 'ਇਨਸਾਨਸਤਾਨ' ਕਵਿਤਾ ਸਾਨੂੰ ਕੀ ਸੰਦੇਸ਼ ਪ੍ਰਦਾਨ ਕਰਦੀ ਹੈ।
4. 'ਗਰੀਬ ਕਿਰਸਾਣ' ਕਵਿਤਾ ਵਿੱਚ ਕਵੀ ਕਿਹੜੀਆਂ ਪੰਜ ਭੈੜੀਆਂ ਆਦਤਾਂ ਛੱਡਣ ਬਾਰੇ ਕਹਿੰਦਾ ਹੈ ਤੇ ਕਿਉਂ ?